# ਸਿਰਜਣਾ ਨੂੰ ਮਹਿਦੂਦ ਨਹੀਂ ਕੀਤਾ ਜਾ ਸਕਦਾ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਇਹ ਸਾਲ ਖਾਲਸੇ ਦੇ 300 ਸਾਲਾ ਉਤਸਵ ਨਾਲ ਜੁੜਦਾ ਹੈ। ਖਾਲਸੇ ਦਾ ਗੌਰਵਮਈ ਇਤਿਹਾਸ ਬਹੁਤਾ ਕਰ ਕੇ ਪੰਜਾਬ ਨਾਲ ਹੀ ਜੁੜਦਾ ਹੈ, ਇਸ ਕਰ ਕੇ ਪੰਜਾਬ ਦੇ ਲੋਕਾਂ ਲਈ ਇਹ ਉਤਸਵ ਪੂਰੀ ਸ਼ਾਨ ਨਾਲ ਮਨਾਉਣਾ ਬਣਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜਿਨ੍ਹਾਂ ਹਾਲਤਾਂ ਵਿਚ ਖਾਲਸੇ ਨੂੰ ਸਾਜਿਆ ਸੀ, ਉਹ ਮਨੁੱਖ ਦੀ ਅਣਖ ਨੂੰ ਕਾਇਮ ਰੱਖਣ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਸੀ। ਸਮੇਂ ਦੇ ਹਾਕਮਾਂ ਦਾ ਹੁਕਮ ਸੀ ਕਿ ਧਾਰਮਿਕ ਅਸਥਾਨਾਂ ਵਿਚ ਢੋਲਕੀਆਂ ਛੈਣੇ ਨਾ ਵੱਜਣ, ਖਾਲਸੇ ਦਾ ਜਵਾਬ ਸੀ 'ਢੋਲਕੀਆਂ ਛੈਣੇ ਕੀ, ਉਥੇ ਨਗਾਰੇ ਵੱਜਣਗੇ।' ਰਣਜੀਤ ਨਗਾਰੇ ਦਾ ਜਨਮ ਇਸ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ। ਸਮੇਂ ਦੇ ਹਾਕਮਾਂ ਦਾ ਹੁਕਮ ਸੀ ਕਿ ਇਸਲਾਮੀ ਅਦਾਰਿਆਂ ਤੋਂ ਸਿਵਾ ਕਿਸੇ ਧਰਮ ਅਸਥਾਨ ਦੀ ਪਹਿਚਾਣ ਨਾ ਹੋਵੇ। ਖਾਲਸੇ ਦਾ ਜਵਾਬ ਉੱਚੇ ਤੋਂ ਉੱਚਾ ਨਿਸ਼ਾਨ ਸਾਹਿਬ ਸੀ, ਉਚ-ਨੀਚ ਦਾ ਫਰਕ ਖਤਮ ਕਰਨਾ ਅਤੇ ਇਕੋ ਪਿਆਲੇ ਵਿਚੋਂ ਅੰਮ੍ਰਿਤ ਛਕਾਉਣਾ ਸੀ।

ਅੱਜ ਦੇ ਯੁੱਗ ਵਿਚ ਜਦੋਂ ਕੇਂਦਰੀ ਮੰਤਰੀ ਮੁਰਲੀ ਮਨੋਹਰ ਜੋਸ਼ੀ ਨੇ ਇਹ ਤਜਵੀਜ਼ ਅੱਗੇ ਲਿਆਂਦੀ ਕਿ ਸਕੂਲੀ ਬੱਚਿਆਂ ਦੇ ਕੋਰਸ ਵਿਚ ਧਾਰਮਿਕ ਵਿਦਿਆ ਪੜ੍ਹਾਈ ਜਾਵੇ ਅਤੇ ਇਹ ਧਾਰਮਿਕ ਵਿਦਿਆ ਸਿਰਫ ਹਿੰਦੂ ਸ਼ਾਸਤਰਾਂ ਤਕ ਮਹਿਦੂਦ ਰਹੇ, ਜਥੇਦਾਰ ਤੋਤਾ ਸਿੰਘ ਨੇ ਭਾਈਵਾਲੀ ਦੇ ਸੌੜੇ ਹਿਤਾਂ ਨੂੰ ਨਜ਼ਰਅੰਦਾਜ਼ ਕਰਦਿਆਂ ਵਾਕਆਊਟ ਕੀਤਾ। ਇਹ ਖਾਲਸੇ ਦਾ ਵਿਰਸਾ ਹੈ। ਖਾਲਸੇ ਦੇ ਮਹਾਨ ਮਾਨਵੀ ਵਿਰਸੇ ਨੂੰ ਅੱਜ ਦੇ ਪ੍ਰਸੰਗ ਵਿਚ ਪੇਸ਼ ਕਰਨਾ ਸਮੇਂ ਦੀ ਲੋੜ ਹੈ। ਪੰਜਾਬ ਦੇ ਸਭਿਆਚਾਰਕ ਮਾਮਲੇ ਵਿਭਾਗ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਰਗਰਮੀਆਂ ਦਾ ਇਥੇ ਜ਼ਿਕਰ ਕੀਤਾ ਜਾ ਰਿਹਾ ਹੈ।

ਇਹ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਦੇ ਸਭਿਆਚਾਰਕ ਮਾਮਲੇ ਵਿਭਾਗ ਦੀਆਂ ਕੋਸ਼ਿਸ਼ਾਂ ਨਾਲ ਸਿੱਖ ਇਤਿਹਾਸ ਦੀਆਂ ਮਹਾਨ ਰਵਾਇਤਾਂ ਨਾਲ ਜੁੜਦੇ ਵੱਡੇ ਨਾਟਕ ਕੀਤੇ ਜਾ ਰਹੇ ਹਨ ਜਾਂ ਨਾਟਕ ਸਥਾਪਤ ਨਾਟਕਕਾਰਾਂ ਵਲੋਂ ਡਿਜ਼ਾਈਨ ਕੀਤੇ ਜਾ ਰਹੇ ਹਨ। ਪੰਜਾਬੀ ਨਾਟਕ ਨੂੰ ਇਨ੍ਹਾਂ ਸਰਗਰਮੀਆਂ ਨਾਲ ਉਤਸ਼ਾਹ ਜ਼ਰੂਰ ਮਿਲੇਗਾ। ਪ੍ਰੋ. ਮੋਹਨ ਸਿੰਘ ਮੇਲੇ ਸਮੇਂ 'ਸੰਤ ਸਿਪਾਹੀ' ਨਾਟਕ ਦਾ ਪੇਸ਼ ਹੋਣਾ ਇਸ ਦੀ ਇਕ ਮਿਸਾਲ ਹੈ। ਲੋਕ ਗੀਤਾਂ ਦੀ ਮਕਬੂਲੀਅਤ ਵਾਲੇ ਇਸ ਮੇਲੇ ਵਿਚ 'ਸੰਤ ਸਿਪਾਹੀ' ਦੀ ਕਾਮਯਾਬੀ ਨਾਟਕ-ਕਲਾ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ। ਪਰ ਉਤਸ਼ਾਹ ਅਤੇ ਜੋਸ਼ ਹੱਦਾਂ ਨਾ ਟੱਪ ਜਾਵੇ ਅਤੇ ਨਾਂਹਪੱਖੀ ਨਤੀਜੇ ਨਾ ਕੱਢੇ, ਇਸ ਬਾਰੇ ਖਬਰਦਾਰੀ ਵੀ ਬੜੀ ਜ਼ਰੂਰੀ ਹੈ। ਇਸ ਸਿਲਸਿਲੇ ਵਿਚ ਇਸ ਸਾਲ ਸਕੂਲ ਸਿੱਖਿਆ ਬੋਰਡ ਵਲੋਂ ਕਰਵਾਏ ਗਏ ਨਾਟਕਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ। ਜ਼ਾਹਰਾ ਤੌਰ ਉਤੇ ਇਹ ਨਿੱਕੀ ਜਿਹੀ ਗੱਲ ਹੈ, ਪਰ ਇਸ ਦੇ ਦੂਰ ਦੇ ਨਤੀਜੇ ਗ਼ਲਤ ਨਿਕਲ ਸਕਦੇ ਹਨ; ਇਸ ਲਈ ਨੋਟਿਸ ਲੈਣਾ ਬਣਦਾ ਹੈ।

ਸਕੂਲ ਸਿੱਖਿਆ ਬੋਰਡ ਹਰ ਸਾਲ ਸਕੂਲਾਂ ਦੇ ਨਾਟਕਾਂ ਦਾ ਮੁਕਾਬਲਾ ਕਰਵਾਉਂਦਾ ਹੈ। ... ਅਧਿਕਾਰੀ ਦੇ ਦਿਮਾਗ ਦਾ ਫੁਰਨਾ ਵੀ ਹੋ ਸਕਦਾ ਹੈ, ਇਹ ਸ਼ਰਤ ਲਾਈ ਗਈ ਕਿ ਨਾਟਕ ਮੁਕਾਬਲੇ ਵਿਚ ਜਿਹੜੇ ਨਾਟਕ ਖੇਡੇ ਜਾਣ, ਉਹ ਸਿੱਖ ਇਤਿਹਾਸ ਨਾਲ ਸਬੰਧਤ ਹੋਣ। ਇਹ ਗੱਲ ਭਾਵੇਂ ਖਾਲਸੇ ਦੇ ਤਿੰਨ ਸੌ ਸਾਲਾ ਉਤਸਵ ਨਾਲ ਜੁੜਦੀ ਹੈ ਪਰ ਬੁਨਿਆਦੀ ਤੌਰ ਉਤੇ ਇਹ ਗਲਤ ਹੈ। ਬੱਚਿਆਂ ਨੂੰ ਇਤਿਹਾਸ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਇਸ ਬਾਰੇ ਇਕ ਨੋਟ ਦਿੱਤਾ ਜਾ ਸਕਦਾ ਸੀ ਕਿ ਇਤਿਹਾਸ ਨਾਲ ਜੁੜਦੇ ਨਾਟਕਾਂ ਨੂੰ ਇਸ ਸਾਲ ਤਰਜੀਹ ਦਿੱਤੀ ਜਾਵੇਗੀ ਪਰ ਇਹ 'ਜ਼ਰੂਰੀ' ਵਾਲੀ ਸ਼ਰਤ ਨਾਟਕ ਸਿਰਜਣਾ ਨੂੰ ਮਹਿਦੂਦ ਕਰਦੀ ਹੈ, ਜੋ ਨਹੀਂ ਹੋਣੀ ਚਾਹੀਦੀ ਸੀ।

ਸਿੱਖ ਇਤਿਹਾਸ ਬਾਰੇ ਨਾਟਕ ਲਿਖਣਾ ਅਤੇ ਕਰਨਾ ਕੋਈ ਆਸਾਨ ਗੱਲ ਨਹੀਂ ਕਿਉਂਕਿ ਕਿਸੇ ਵੀ ਇਤਿਹਾਸਕ ਮਹੱਤਤਾ ਵਾਲੇ ਪਾਤਰ ਜਾਂ ਨਾਇਕ ਨੂੰ ਸਟੇਜ ਉਤੇ ਨਹੀਂ ਲਿਆਇਆ ਜਾ ਸਕਦਾ। ਸਕੂਲੀ ਬੱਚਿਆਂ ਲਈ ਇਹ ਕਰਨਾ ਅਤੇ ਨਾਟਕ-ਕਲਾ ਦੀਆਂ ਜ਼ਰੂਰਤਾਂ ਨੂੰ ਵੀ ਪੂਰਾ ਕਰਨਾ ਇਕ ਮੁਸ਼ਕਿਲ ਗੱਲ ਹੈ। ਨਤੀਜਾ ਇਹ ਹੋਇਆ ਕਿ ਇਕ ਪਾਸੇ ਖੁੱਲ੍ਹੇ ਖੁੱਲ੍ਹੇ ਕੁੱਲੇ ਪਾ ਕੇ ਮੁਗ਼ਲਾਂ ਦੀ ਸ਼ੈਲੀ ਵਿਚ ਬੰਨ੍ਹੀਆਂ ਹੋਈਆਂ ਪੱਗਾਂ ਵਾਲੇ ਖਲਨਾਇਕ ਤੇ ਜ਼ਾਲਮ ਪਾਤਰ ਅਤੇ ਦੂਜੇ ਪਾਸੇ ਖਾਲਸਾਈ ਪੱਗਾਂ ਵਾਲੇ ਸਿੱਖ ਪਾਤਰ ਪੇਸ਼ ਹੋਏ। ਕੋਈ ਨਾਟਕੀ ਟੱਕਰ ਨਹੀਂ ਉਸਾਰੀ ਜਾ ... ਰਿਹਾ। ਭਾਵੇਂ ਬਹੁਤ ਸਾਰੇ ਨਾਟਕ ਐਸੇ ਖੇਡੇ ਗਏ ਜਿਨ੍ਹਾਂ ਦਾ ਵਿਸ਼ਾ ਡਾ. ਹਰਚਰਨ ਸਿੰਘ, ਗੁਰਦਿਆਲ ਸਿੰਘ ਫੁੱਲ ਜਾਂ ਮੇਰੇ ਆਪਣੇ ਲਿਖੇ ਹੋਏ ਨਾਟਕਾਂ ਵਿਚੋਂ ਲਿਆ ਗਿਆ ਪਰ ਨਾਟਕਾਂ ਦਾ ਪੱਧਰ ਇਸ ਲਈ ਨੀਵਾਂ ਰਿਹਾ ਕਿਉਂਕਿ ਇਨ੍ਹਾਂ ਨਾਟਕਾਂ ਵਿਚ ਜਿਹੜਾ ਅੱਜ ਦੇ ਪ੍ਰਸੰਗ ਵਿਚ ਮਾਨਵੀ ਸੁਨੇਹਾ ਸੀ, ਉਹ ਬੱਚਿਆਂ ਦੀ ਪਕੜ ਤੋਂ ਬਾਹਰ ਸੀ। ਮਹਿਦੂਦ ਸੋਚਣੀ ਨੇ ਇਹੋ ਨਤੀਜਾ ਕੱਢਣਾ ਸੀ।

ਇਸ ਤੋਂ ਇਲਾਵਾ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਇਹ ਗੱਲ ਵੀ ਧਿਆਨ ਵਿਚ ਰੱਖਣੀ ਜ਼ਰੂਰੀ ਸੀ ਕਿ ਪੰਜਾਬ ਵਿਚ ਸਰਕਾਰੀ ਅਤੇ ਖਾਲਸਾ ਸਕੂਲਾਂ ਤੋਂ ਬਾਹਰ ਹੋਰ ਵੀ ਸਕੂਲ ਹਨ ਜਿਨ੍ਹਾਂ ਦੇ ਬੱਚੇ ਜਾਂ ਨਾਟਕ ਤਿਆਰ ਕਰਵਾਉਣ ਵਾਲੇ ਅਧਿਆਪਕ ਸਿੱਖ ਧਾਰਮਿਕ ਨਾਟਕਾਂ ਵਿਚ ਲੋੜੀਂਦੀ ਦਿਲਚਸਪੀ ਨਹੀਂ ਰੱਖਦੇ। ਜਥੇਦਾਰ ਤੋਤਾ ਸਿੰਘ ਦੇ ਵਾਕਆਊਟ ਦੇ ਪ੍ਰਸੰਗ ਵਿਚ ਇਹ ਗੱਲ ਚੰਗੀ ਤਰ੍ਹਾਂ ਸਮਝੀ ਜਾ ਸਕਦੀ ਹੈ। ਕਿਸੇ ਵਿਸ਼ੇ ਨੂੰ ਮਹਿਦੂਦ ਕਰਨ ਨਾਲ ਉਲਟੇ ਹੀ ਨਤੀਜੇ ਨਿਕਲਦੇ ਹਨ। ਸਕੂਲ ਬੋਰਡ ਦੇ ਫੈਸਲੇ ਨੇ ਸਿਰਜਣਾਤਮਕ ਅਮਲ ਵਿਚ ਦਖਲਅੰਦਾਜ਼ੀ ਕੀਤੀ ਹੈ। ਇਸ ਦੀ ਨਿਖੇਧੀ ਜ਼ਰੂਰੀ ਹੈ।

ਬੱਚਿਆਂ ਨੂੰ ਵਿਰਸੇ ਦੀ ਪਹਿਚਾਣ ਕਰਵਾਉਣੀ ਜਿਥੇ ਜ਼ਰੂਰੀ ਹੈ, ਉਥੇ ਅੱਜ ਦੇ ਪ੍ਰਸੰਗ ਵਿਚ ਸਮਾਜਿਕ ਚੇਤਨਾ ਵੀ ਨਜ਼ਰਅੰਦਾਜ਼ ਨਹੀਂ ਕੀਤੀ ਜਾ ਸਕਦੀ। ਸਮਾਜਿਕ ਯਥਾਰਥ ਬੜਾ ਕਠੋਰ ਹੈ। ਸਮਾਜਿਕ ਨਾਬਰਾਬਰੀ 'ਖਾਲਸੇ ਦੀ ਰੂਹ' ਦੇ ਵਿਰੁਧ ਹੈ। ਇਹ ਵਿਸ਼ੇ ਵੀ ਨਾਟਕਾਂ ਵਿਚ ...ਮਲ ਕਰਨੇ ਜ਼ਰੂਰੀ ਹਨ। ਇਹ ਸਮੇਂ ਦੀ ਲੋੜ ...।